Punjabi

# ਤੁਹਾਡੇ ਬੱਚੇ ਲਈ ਕਿਸੇ ਹੋਰ ਦਾਨੀ ਔਰਤ ਦਾ ਪੈਸਚਰਾਈਜ਼ਡ ਦੁੱਧ

## Pasteurized Donor Human Milk for Your Baby

### ਕਿਸੇ ਹੋਰ ਦਾਨੀ ਔਰਤ ਦਾ ਪੈਸਚਰਾਈਜ਼ਡ ਦੁੱਧ ਕਿਉਂ?
### Why pasteurized donor human milk?

ਤੁਹਾਡੇ ਬੱਚੇ ਨੂੰ ਪਿਲਾਉਣ ਲਈ ਤੁਹਾਡਾ ਆਪਣਾ ਦੁੱਧ ਸਭ ਤੋਂ ਵਧੀਆ ਹੁੰਦਾ ਹੈ। ਜਦੋਂ ਤੁਹਾਡਾ ਦੁੱਧ ਉਪਲਬਧ ਨਹੀਂ ਹੁੰਦਾ ਜਾਂ ਅਜੇ ਤੁਹਾਡਾ ਦੁੱਧ ਕਾਫੀ ਨਹੀਂ ਬਣ ਰਿਹਾ ਹੁੰਦਾ, ਤਾਂ ਦੁੱਧ ਦੇ ਕਿਸੇ ਨੇਮਤ (ਰੈਗੂਲੇਟਡ) ਬੈਂਕ ਤੋਂ ਕਿਸੇ ਹੋਰ ਦਾਨੀ ਔਰਤ ਦਾ ਪੈਸਚਰਾਈਜ਼ਡ ਦੁੱਧ (ਜਾਂ ਦਾਨੀ ਦਾ ਦੁੱਧ) ਅਗਲੀ ਸਭ ਤੋਂ ਵਧੀਆ ਚੋਣ ਹੁੰਦਾ ਹੈ। ਦਾਨੀ ਦਾ ਦੁੱਧ ਬਹੁਤ ਸਾਰੇ ਉਹ ਫਾਇਦੇ ਪ੍ਰਦਾਨ ਕਰਦਾ ਹੈ ਜਿਹੜੇ ਤੁਹਾਡੇ ਆਪਣੇ ਦੁੱਧ ਵਿੱਚ ਹੁੰਦੇ ਹਨ।

ਜਦੋਂ ਤੁਹਾਡਾ ਬੱਚਾ ਦਾਨੀ ਦਾ ਦੁੱਧ (ਡੋਨਰ ਮਿਲਕ) ਪੀ ਰਿਹਾ ਹੋਵੇ ਉਦੋਂ ਆਪਣੀ ਦੁੱਧ ਦੀ ਸਪਲਾਈ ਨੂੰ ਵਧਾਉਣ ਲਈ ਲਗਾਤਾਰ ਕੰਮ ਕਰਦੇ ਰਹਿਣਾ ਸਭ ਤੋਂ ਵਧੀਆ ਗੱਲ ਹੈ ਕਿਉਂਕਿ ਹਮੇਸ਼ਾਂ ਹੀ ਤੁਹਾਡਾ ਆਪਣਾ ਦੁੱਧ ਸਭ ਤੋਂ ਵਧੀਆ ਹੁੰਦਾ ਹੈ।

ਬ੍ਰਿਟਿਸ਼ ਕੋਲੰਬੀਆ (ਬੀ ਸੀ) ਵਿੱਚ ਬੱਚਿਆਂ ਨੂੰ ਦਾਨੀ ਦਾ ਦੁੱਧ (ਡੋਨਰ ਮਿਲਕ) ਬੀ ਸੀ ਵਿਮਨਜ਼ ਮਿਲਕ ਬੈਂਕ ਤੋਂ ਮਿਲਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਵੱਧ ਤੋਂ ਵੱਧ ਸੁਰੱਖਿਅਤ ਪ੍ਰੋਡਕਟ ਮੁਹੱਈਆ ਕੀਤਾ ਜਾਵੇ, ਮਿਲਕ ਬੈਂਕ ਹਿਊਮਨ ਮਿਲਕ ਬੈਂਕਿੰਗ ਐਸੋਸੀਏਸ਼ਨ ਆਫ ਨੌਰਥ ਅਮਰੀਕਾ ਦੀਆਂ ਸੇਧਾਂ ਦੀ ਪਾਲਣਾ ਕਰਦਾ ਹੈ। ਦੁੱਧ ਦਾਨ ਕਰਨ ਵਾਲੀਆਂ ਨੂੰ ਉਹਨਾਂ ਸਰੋਕਾਰਾਂ ਲਈ ਚੈੱਕ ਕੀਤਾ ਜਾਂਦਾ ਹੈ, ਜਿਹੜੇ ਤੁਹਾਡੇ ਬੱਚੇ ਤੱਕ ਪਹੁੰਚ ਸਕਦੇ ਹਨ।

ਜੇ ਦਾਨੀ ਦੇ ਦੁੱਧ ਬਾਰੇ ਤੁਹਾਡਾ ਕੋਈ ਸਵਾਲ ਹੋਵੇ ਤਾਂ ਕਿਰਪਾ ਕਰਕੇ ਉਸ ਬਾਰੇ ਆਪਣੇ ਬੱਚੇ ਦੀ ਸਿਹਤ ਸੰਭਾਲ ਵਾਲੀ ਟੀਮ ਨਾਲ ਗੱਲ ਕਰੋ।

ਹੋਰ ਜਾਣਕਾਰੀ ਲਈ, ਦੇਖੋ:
ਫੀਡਿੰਗ ਬੇਬੀ ਵੈੱਨ ਸਪਲੀਮੈਂਟਿੰਗ ਇਜ਼ ਨੀਡਡ

### ਦੁੱਧ ਦਾਨ ਕਰਨ ਵਾਲੀਆਂ ਅਤੇ ਦਾਨੀਆਂ ਦਾ ਦੁੱਧ
### Milk Donors and Donor Milk

ਮਿਲਕ ਬੈਂਕ ਨੂੰ ਦੁੱਧ ਦਾਨ ਕਰਨ ਵਾਲੀਆਂ ਆਪਣਾ ਦੁੱਧ ਦੇਣ ਲਈ ਵਲੰਟੀਅਰ ਕਰਦੀਆਂ ਹਨ। ਸਿਰਫ ਛਾਤੀ ਦਾ ਦੁੱਧ ਚੁੰਘਾਉਣ ਵਾਲੀਆਂ ਉਹਨਾਂ ਸਿਹਤਮੰਦ ਔਰਤਾਂ ਨੂੰ ਸਵੀਕਾਰ ਕੀਤਾ ਜਾਂਦਾ ਹੈ ਜਿਹੜੀਆਂ ਸਿਗਰਟਾਂ ਨਹੀਂ ਪੀਂਦੀਆਂ ਅਤੇ ਸਿਹਤਮੰਦ ਢੰਗ ਨਾਲ ਜਿਉਂਦੀਆਂ ਹਨ।

ਦਾਨੀਆਂ ਨੂੰ ਅੱਗੇ ਦਿੱਤੀਆਂ ਗੱਲਾਂ ਦੇ ਆਧਾਰ 'ਤੇ ਚੁਣਿਆ ਜਾਂਦਾ ਹੈ:

- ਉਹਨਾਂ ਦੀ ਸਿਹਤ ਅਤੇ ਜਿਉਣ ਦੇ ਢੰਗ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬਾਂ ਦੇ ਆਧਾਰ 'ਤੇ।
- ਉਹਨਾਂ ਦੇ ਫੈਮਿਲੀ ਡਾਕਟਰ ਵਲੋਂ ਉਹਨਾਂ ਦੀ ਸਿਹਤ ਬਾਰੇ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ।
- ਉਹਨਾਂ ਦੇ ਖ਼ੂਨ ਦੇ ਟੈੱਸਟਾਂ ਦੇ ਨਤੀਜਿਆਂ ਦੇ ਆਧਾਰ 'ਤੇ ਜੋ ਇਹ ਪੱਕਾ ਕਰਦੇ ਹਨ ਕਿ ਉਹਨਾਂ ਨੂੰ ਅੱਗੇ ਦਿੱਤੀਆਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਹੀਂ ਹੈ:
  - ਹਿਊਮਨ ਇਮੀਓਨੋਡੈਫੀਸ਼ੈਂਸੀ ਵਾਇਰਸ (ਐੱਚ ਆਈ ਵੀ)
  - ਹਿਊਮਨ ਟੀ-ਲਿੰਫੋਟ੍ਰੋਫਿਕ ਵਾਇਰਸ ਰਿਲੇਟਡ ਟੂ ਐੱਚ ਆਈ ਵੀ (ਐੱਚ ਟੀ ਐੱਲ ਵੀ)
  - ਸਿਫਲਸ
  - ਹੈਪਾਟਾਈਟਸ

ਇਹ ਯਕੀਨੀ ਬਣਾਉਣ ਲਈ ਕਿ ਉਹ ਸੁਰੱਖਿਅਤ ਹੈ, ਦਾਨੀਆਂ ਦੇ ਦੁੱਧ ਨੂੰ ਗਰਮੀ ਨਾਲ ਟ੍ਰੀਟ (ਪੈਸਚਰਾਈਜ਼ਡ) ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਟੈੱਸਟ ਕੀਤਾ ਜਾਂਦਾ ਹੈ।

ਦਾਨੀਆਂ ਦਾ ਦੁੱਧ ਇਕ ਸਰੀਰਕ ਤਰਲ (ਬੌਡੀਲੀ ਫਲੂਇਡ) ਹੈ। ਭਾਵੇਂ ਕਿ ਅਜੇ ਤੱਕ ਕਿਸੇ ਕੇਸ ਦਾ ਪਤਾ ਨਹੀਂ ਹੈ, ਫਿਰ ਵੀ ਬਹੁਤ ਥੋੜ੍ਹੀ ਸੰਭਾਵਨਾ ਹੈ ਕਿ ਕਿਸੇ ਦਾਨੀ ਦੇ ਦੁੱਧ ਰਾਹੀਂ ਤੁਹਾਡੇ ਬੱਚੇ ਨੂੰ ਕੋਈ ਇਨਫੈਕਸ਼ਨ ਹੋ ਸਕਦੀ ਹੈ ਅਤੇ ਤੁਹਾਡਾ ਬੱਚਾ ਬੀਮਾਰ ਹੋ ਸਕਦਾ ਹੈ।

ਭਾਵੇਂ ਕਿ ਦਾਨੀਆਂ ਦੀ ਜਿਉਣ ਦੇ ਸਿਹਤਮੰਦ ਢੰਗ ਲਈ ਜਾਂਚ ਕੀਤੀ ਜਾਂਦੀ ਹੈ, ਫਿਰ ਵੀ ਦਾਨੀਆ ਦੇ ਦੁੱਧ ਨੂੰ ਦਵਾਈਆਂ ਜਾਂ ਹੋਰ ਪਦਾਰਥਾਂ ਲਈ ਟੈੱਸਟ ਨਹੀਂ ਕੀਤਾ ਜਾਂਦਾ ਹੈ, ਜੋ ਤੁਹਾਡੇ ਦਾਨੀ ਦੇ ਦੁੱਧ ਰਾਹੀਂ ਤੁਹਾਡੇ ਬੱਚੇ ਤੱਕ ਪਹੁੰਚ ਸਕਦੇ ਹਨ।



Catalogue #268304 (October 2023) Punjabi
For more copies: patienteduc.fraserhealth.ca